ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫਤਰ: ਮੁੱਖ /ਪ੍ਰਬੰਧਕੀ(ਅਮਲਾ ਅਗਜ਼ਟੀ-2)ਪਟਿਆਲਾ)

ਵੱਲ

1) ਸਮੂਹ ਮੁੱਖ ਇੰਜੀਨੀਅਰ ਅਤੇ ਵਿਭਾਗਾਂ ਦੇ ਮੁੱਖੀ,
ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ।
2) ਸਮੂਹ ਸੀਨੀਅਰ ਕਾਰਜਕਾਰੀ ਇੰਜੀਨੀਅਰ,
ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ ।

ਮੀਮੋ ਨੰ: 1816/2553/ਈਐਨਜੀ-7(1) 13418
ਮਿਤੀ 22-5-12

ਵਿਸ਼ਾ: ਸ਼ਾਦੀ ਸੁਦਾ ਬਿਨੈਕਾਰਾਂ ਦੇ ਤਰਸ ਦੇ ਆਧਾਰ ਤੇ ਨੌਕਰੀ ਲਈ ਭੇਜੇ ਕੇਸਾਂ ਨੂੰ ਵਿਚਾਰਨ ਬਾਰੇ।

ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 11/19/2002-04 ਪੀਪੀ-2/12075 ਮਿਤੀ: 19.9.2002 ਵੱਲ ਦਿਵਾ ਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਰਾਹੀਂ ਕਿਸੇ ਕਰਮਚਾਰੀ ਦੀ ਮੌਤ ਹੋਣ ਦੀ ਸੂਰਤ ਵਿਚ ਮ੍ਰਿਤਕ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਵਿਚਾਰਨ ਹਿੱਤ ਹੇਠ ਲਿਖੀ ਵਿਵਸਥਾ ਕੀਤੀ ਗਈ ਹੈ:-

1) ਵਿਧਵਾ / ਵਿਧੁਰ
2) ਕੁਆਰਾ ਲੜਕਾ
3) ਕੁਆਰੀ ਲੜਕੀ
4) ਸ਼ਾਦੀ ਸੁਦਾ ਲੜਕਾ ਜੋ ਸਾਂਝੇ ਪਰਿਵਾਰ ਵਿਚ ਰਹਿੰਦਾ ਹੋਵੇ । ਜੇਕਰ ਵੱਖਰਾ ਰਹਿੰਦਾ ਹੈ ਤਾਂ ਉਸਦੇ ਸੰਪਤੀ ਅਤੇ ਦੂਸਰੇ ਹਿੱਤ ਕਾਮਨ ਹਨ।

ਪ੍ਰੰਤੂ ਫੀਲਡ ਦਫਤਰਾਂ ਵਲੋਂ ਵਿਧਵਾ/ਵਿਧੁਰ , ਕੁਆਰਾ ਲੜਕਾ/ਲੜਕੀ ਇਕ ਯੋਗ ਉਮੀਦਵਾਰ ਹੋਣ ਦੇ ਬਾਵਜੂਦ ਸ਼ਾਦੀ ਸੁਦਾ ਬੱਚਿਆਂ ਦਾ ਬਤੌਰ ਬਿਨੈਕਾਰ ਤਰਸ ਦੇ ਆਧਾਰ ਤੇ ਨੌਕਰੀ ਦਾ ਕੇਸ ਭੇਜ਼ ਦਿੱਤਾ ਜਾਂਦਾ ਹੈ ਜੋ ਕਿ ਉਕਤ ਹਦਾਇਤਾਂ ਵਿਚ ਉਮੀਦਵਾਰ ਦੀ ਯੋਗਤਾ ਲਈ ਨਿਰਧਾਰਤ ਦਰਜੇਬੰਦੀ ਦੇ ਅਨੁਕੂਲ ਨਹੀਂ ਹੁੰਦਾ।

ਇਸ ਪੱਤਰ ਰਾਹੀਂ ਸਮੂਹ ਸਬੰਧਤ ਦਫਤਰ ਨੂੰ ਲਿਖਿਆ ਜਾਂਦਾ ਹੈ ਕਿ ਸ਼ਾਦੀਸੁਦਾ ਵਾਰਸ ਦਾ ਕੇਸ ਭੇਜਣ ਤੋਂ ਪਹਿਲਾਂ ਇਹ ਸੁਨਿਸ਼ਚਿਤ ਕਰ ਲਿਆ ਜਾਵੇ ਕਿ ਸ਼ਾਦੀਸੁਦਾ ਬਿਨੈਕਾਰ ਤੋਂ ਇਲਾਵਾ ਉਕਤ ਅਨੁਸਾਰ ਕ੍ਰਮ ਨੰ:1,2 ਅਤੇ 3 ਤੇ ਦਰਸਾਏ ਯੋਗ ਉਮੀਦਵਾਰ ਉਪਲਬੱਧ ਨਹੀਂ ਹਨ ਅਤੇ ਸ਼ਾਦੀਸੁਦਾ ਬਿਨੈਕਾਰ ਸਾਂਝੇ ਪਰਿਵਾਰ ਵਿਚ ਰਹਿੰਦਾ ਹੈ। ਜੇਕਰ ਵੱਖਰਾ ਰਹਿੰਦਾ ਹੈ ਤਾਂ ਉਸਦੇ ਸੰਪਤੀ ਅਤੇ ਦੂਸਰੇ ਹਿੱਤ ਕਾਮਨ ਹਨ।ਉਹ ਅਤੇ ਉਸਦੀ ਪਤਨੀ ਕਿਸੇ ਵੀ ਸਰਕਾਰੀ/ਗੈਰ-ਸਰਕਾਰੀ ਅਦਾਰੇ ਵਿਚ ਨੌਕਰੀ ਨਹੀਂ ਕਰਦੇ। ਇਸ ਸਬੰਧੀ ਮੰਡਲ ਅਧਿਕਾਰੀ ਵਲੋਂ xxx ਬਿਨੈਪੱਤਰ ਉਤੇ ਵਿਸ਼ੇਸ਼ ਤਸਦੀਕ ਕਰਨ ਉਪਰੰਤ ਹੀ ਸ਼ਾਦੀਸੁਦਾ ਵਾਰਸ ਦਾ ਕੇਸ ਭੇਜਿਆ ਜਾਵੇ।

ਇਹਨਾਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਤਾਂ ਜੋ ਤਰਸ ਦੇ ਆਧਾਰ ਤੇ ਨੌਕਰੀ ਦੇ ਕੇਸਾਂ ਦਾ ਨਿਪਟਾਰਾ ਪਹਿਲ ਦੇ ਆਧਾਰ ਤੇ ਕੀਤਾ ਜਾ ਸਕੇ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ/ਅਮਲਾ-2 ,
ਪੀ.ਐਸ.ਪੀ.ਸੀ.ਐਲ,ਪਟਿਆਲਾ।

2554
22-5-12

ਸੀ.ਸੀ:

ਨਿਗਰਾਨ ਇੰਜੀਨੀਅਰ/ਆਈ.ਟੀ., ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਸੂਚਨਾ ਉਪ ਸਕੱਤਰ/ਅਮਲਾ-2 ਦੀ ਵੈਬ ਸਾਈਟ ਤੇ ਪਾਈ ਜਾਵੇ ਜੀ ।